ਮਿੱਠੇ ਬੱਚੇ:- "ਮਿੱਠੇ ਬੱਚੇ :- ਦੇਹ ਸਹਿਤ ਸਭਦੀ ਯਾਦ ਭੁੱਲ, ਬਾਪ ਜੋ ਹੈ ਜਿਵੇਂ ਹੈ ਉਸਨੂੰ ਠੀਕ ਪਹਿਚਾਣ ਖੁਦ ਨੂੰ ਬਿੰਦੀ ਰੂਪ ਨਾਲ ਬਾਪ ਨੂੰ ਯਾਦ ਕਰੋ"

ਪ੍ਰਸ਼ਨ:- ਕਿਹੜਾ ਗਿਆਨ ਇਸ ਸਮੇਂ ਹੀ ਤੁਹਾਨੂੰ ਮਿਲਦਾ ਹੈ ਜੋ ਕੋਈ ਨਹੀਂ ਦੇ ਸਕਦੇ?

ਉੱਤਰ:- ਤੁਸੀਂ ਇਸਤਰੀ - ਪੁਰਸ਼ ਨਾਲ ਵਿੱਚ ਰਹਿੰਦੇ ਗ੍ਰਹਿਸਤ ਵਿਵਹਾਰ ਦੀ ਸੰਭਾਲ ਕਰਦੇ ਪਵਿੱਤਰ ਰਹੋ, ਇਹ ਗਿਆਨ ਹੁਣ ਇਸ ਸਮੇਂ ਬਾਪ ਤੁਹਾਨੂੰ ਦੇ ਰਹੇ ਹਨ ਅਤੇ ਹੋਰ ਕੋਈ ਇਹ ਗਿਆਨ ਦੇ ਨਹੀਂ ਸਕਦਾ। ਤੁਹਾਨੂੰ ਦਾਨ ਤਾਂ 5 ਵਿਕਾਰਾਂ ਦਾ ਕਰਨਾ ਹੈ ਪਰ ਮੁਖ ਹੈ ਕਾਮ, ਜਿਸ ਤੇ ਪੂਰੀ ਵਿਜੇ ਪਾਉਣੀ ਹੈ। ਸਰਵਸ਼ਕਤੀਮਾਨ ਬਾਪ ਦੀ ਯਾਦ ਅਤੇ ਸ਼੍ਰੀਮਤ ਤੇ ਚੱਲਣ ਨਾਲ ਹੀ ਇਹ ਤਾਕਤ ਮਿਲਦੀ ਹੈ।

ਗੀਤ:- ਦੁਖੀਆਂ ਪਰ ਰਹਿਮ ਕਰੋ...

ਓਮ ਸ਼ਾਂਤੀ। ਉਹ ਹੀ ਬਾਪ ਬੈਠ ਬੱਚਿਆਂ ਨੂੰ ਸਮਝਾਉਂਦੇ ਹਨ। ਕੌਣ ਹੈ ਇਹ ਬਾਪ? ਇਹ ਬੱਚੇ ਜਾਣਦੇ ਹਨ , ਜਿਨ੍ਹਾਂ ਦੇ ਸਮੁੱਖ ਬਾਪ ਬੈਠੇ ਹਨ। ਹੁਣ ਤੁਸੀਂ ਬੱਚਿਆਂ ਦੀ ਬੁੱਧੀ ਦਾ ਯੋਗ ਬੇਹੱਦ ਦੇ ਬਾਪ ਵੱਲ ਹੈ। ਬੁੱਧੀ ਦਾ ਯੋਗ ਹੁਣ ਹੱਦ ਦੇ ਬਾਪ ਨਾਲ ਤੋੜ੍ਹਣਾ ਹੈ। ਸਾਰੀ ਦੁਨੀਆਂ ਦੇ ਜੋ ਵੀ ਮਿੱਤਰ ਸੰਬੰਧੀ ਹਨ, ਬਲਕੀ ਇਸ ਦੇਹ ਨੂੰ, ਦੁਨੀਆਂ ਨੂੰ ਸਭਨੂੰ ਭੁੱਲਣਾ ਹੈ। ਇਹ ਬਾਪ ਦੇ ਡਾਇਰੈਕਸ਼ਨ ਮਿਲਦੇ ਹਨ। ਬਾਪ ਬੱਚਿਆਂ ਨੂੰ ਕਦੀ ਨਹੀਂ ਭੁੱਲਦੇ ਹਨ। ਬਾਪ ਤਾਂ ਕਹਿੰਦੇ ਹਨ ਭਗਤੀ ਮਾਰਗ ਵਿੱਚ ਤੁਸੀਂ ਭਗਤਾਂ ਦੀ ਮੈਂ ਸੰਭਾਲ ਕਰਦਾ ਆਇਆ ਹਾਂ। ਪਰ ਡਰਾਮੇ ਅਨੁਸਾਰ ਤੁਸੀਂ ਬੱਚਿਆਂ ਨੂੰ ਭੁੱਲਣਾ ਹੀ ਹੈ। ਭੁਲਾਉਂਦੀ ਹੈ ਮਾਇਆ। ਅਸੀਂ ਆਤਮਾ ਹਾਂ - ਇਹ ਵੀ ਰਾਵਣ ਭੁੱਲਾ ਦਿੰਦੇ ਹਨ। ਦੇਹ - ਅਭਿਮਾਨੀ ਬਣਾ ਦਿੰਦੇ ਹਨ। ਇਹ ਤੁਸੀਂ ਬੱਚਿਆਂ ਦਾ ਪਾਰ੍ਹ ਹੈ। ਇਵੇਂ ਨਹੀਂ ਕਿ ਤੁਸੀਂ ਇੱਥੇ ਸਿਰਫ਼ ਬਾਪ ਨੂੰ ਭੁੱਲ ਜਾਂਦੇ ਹੋ,ਪਰ ਉਹ ਜੋ ਹੈ ਜਿਵੇਂ ਹੈ, ਉਸ ਬਾਪ ਦੀ ਯਾਦ ਅਤੇ ਸੁਖ ਦੇਣ ਦਾ ਗਿਆਨ ਭੁੱਲ ਜਾਂਦੇ ਹੋ।

ਹੁਣ ਤੁਸੀਂ ਜਾਣਦੇ ਹੋ ਬਾਬਾ ਕਲਪ - ਕਲਪ ਆਉਂਦੇ ਹਨ। ਬਾਬਾ ਕਿਵੇਂ ਦਾ ਹੈ ਇਹ ਬੁੱਧੀ ਵਿੱਚ ਧਾਰਨ ਕਰਨਾ ਹੈ। ਮਨੁੱਖਾਂ ਨੇ ਤਾਂ ਸ਼ਿਵਲਿੰਗ ਦਾ ਵੱਡਾ ਚਿੱਤਰ ਬਣਾ ਦਿੱਤਾ ਹੈ। ਹੋਰ ਸਭ ਦੇ ਚਿੱਤਰ ਤਾਂ ਠੀਕ ਹਨ। ਜਿਵੇਂ ਬ੍ਰਹਮਾ, ਵਿਸ਼ਨੂੰ ਅਤੇ ਸ਼ੰਕਰ ਦਾ ਚਿੱਤਰ ਵੀ ਠੀਕ ਹੈ, ਮੰਦਿਰਾਂ ਵਿੱਚ ਪੂਜੇ ਜਾਂਦੇ ਹਨ। ਪਰ ਪਰਮਪਿਤਾ ਪਰਮਾਤਮਾ ਦਾ ਨਾਮ, ਰੂਪ ਦੇਸ਼ ਕਾਲ ਜੋ ਹੈ, ਉਹ ਭੁੱਲ ਜਾਂਦੇ ਹਨ। ਚਿੱਤਰ ਵੀ ਭੁੱਲ ਜਾਂਦੇ ਹਨ। ਹੁਣ ਤੁਹਾਨੂੰ ਬੱਚਿਆਂ ਨੂੰ ਸਮਝਾਇਆ ਜਾਂਦਾ ਹੈ ਕਿ ਆਤਮਾ ਬਿੰਦੀ ਰੂਪ ਹੈ। ਸਟਾਰ ਮਿਸਲ ਬਿੰਦੀ ਹੈ। ਭ੍ਰਿਕੁਟੀ ਦੇ ਵਿੱਚ ਰਹਿੰਦੀ ਹੈ। ਬੱਚੇ ਜਾਣਦੇ ਹਨ - ਅਸੀਂ ਆਤਮਾ ਹਾਂ। ਸ਼ਰੀਰ ਦੀ ਭ੍ਰਿਕੁਟੀ ਦੇ ਵਿੱਚ ਮੁਝ ਆਤਮਾ ਦਾ ਸਥਾਨ ਹੈ। ਇਹ ਤਾਂ ਸਭ ਮੰਨਣਗੇ ਬਹੁਤ ਸੂਖਸ਼ਮ ਬਿੰਦੀ ਵਰਗਾ ਹੈ। ਇਹ ਵੀ ਜਾਣਦੇ ਹੋ ਪਰਮਪਿਤਾ ਪਰਮਾਤਮਾ ਵੀ ਇਵੇਂ ਬਿੰਦੀ ਰੂਪ ਹੀ ਹੋਵੇਗਾ। ਖੁਦ ਆਕੇ ਸਮਝਾਉਂਦੇ ਹਨ ਮੈਂ ਬਿੰਦੀ ਹਾਂ, ਪਰ ਮਨੁੱਖਾਂ ਨੇ ਵੱਡਾ ਰੂਪ ਜੋਤੀਰਲਿੰਗਮ ਬਣਾ ਦਿੱਤਾ ਹੈ। ਜਿਵੇਂ ਬੁੱਧ ਦਾ ਵੀ ਬੜਾ ਲੰਬਾ ਚੌੜਾ ਰੂਪ ਬਣਾਉਂਦੇ ਹਨ। ਪਾਂਡਵਾਂ ਦੇ ਸ਼ਰੀਰ ਵੀ ਭਗਤੀ ਮਾਰਗ ਵਿੱਚ ਬਹੁਤ ਲੰਬੇ ਬਣਾਉਂਦੇ ਹਨ। ਭਗਤੀ ਮਾਰਗ ਵਿੱਚ ਲੰਬੇ ਚਿੱਤਰ ਹੁੰਦੇ ਹਨ। ਗਿਆਨ ਮਾਰਗ ਵਿੱਚ ਛੋਟੀ ਚੀਜ਼ ਹੁੰਦੀ ਹੈ। ਪਰਮਾਤਮਾ ਕਹਿੰਦੇ ਹਨ ਮੈਂ ਬਿੰਦੀ ਹਾਂ। ਕਿਤੇ - ਕਿਤੇ ਬਹੁਤ ਵੱਡਾ ਲੰਬਾ ਲਿੰਗ ਵੀ ਰੱਖਦੇ ਹਨ। ਨਹੀਂ ਤਾਂ ਬਿੰਦੀ ਦੀ ਪੂਜਾ ਕਿਵੇਂ ਹੋ ਸਕੇ। ਪੂਜਾ ਤਾਂ ਜਰੂਰ ਵੱਡੀ ਚੀਜ਼ ਦੀ ਹੋਵੇਗੀ ਨਾ। ਤੁਹਾਨੂੰ ਹੁਣ ਬਿੰਦੀ ਰੂਪ ਸਮਝਾਇਆ ਹੈ। ਇਹਨਾਂ ਗੱਲਾਂ ਨੂੰ ਮਨੁੱਖ ਤਾਂ ਸਮਝ ਨਾ ਸਕਣ। ਤੁਸੀਂ ਬੱਚਿਆਂ ਨੂੰ ਵੀ ਪਹਿਲੇ ਇਹ ਸਮਝ ਨਹੀਂ ਸੀ। ਹੁਣ ਜਦੋਂ ਪਰਿਪਕਵ ਅਵਸਥਾ ਹੋਈ ਹੈ ਤਾਂ ਸਮਝਦੇ ਹੋ ਇਹ ਤਾਂ ਅਸਲ ਗੱਲ ਹੈ। ਜੇਕਰ ਸ਼ੁਰੂ ਤੋਂ ਲੈਕੇ ਬਾਬਾ ਵੀ ਸਮਝਾਉਂਦੇ ਤਾਂ ਅਸੀਂ ਸਮਝ ਨਹੀਂ ਸਕਦੇ ਕਿਉਂਕਿ ਬਿੰਦੀ ਕੋਈ ਚੀਜ਼ ਤਾਂ ਹੈ ਨਹੀਂ। ਅਸੀਂ ਮੰਨਦੇ ਨਹੀਂ। ਪ੍ਰੰਪਰਾ ਤੋਂ ਸ਼ਿਵਲਿੰਗ ਕਿਹਾ ਜਾਂਦਾ, ਇਹ ਫਿਰ ਕੀ ਹੈ? ਤਾਂ ਬਾਪ ਸਮਝਾਉਂਦੇ ਹਨ ਕਿ ਉਹ ਵੀ ਰਾਂਗ ਹੈ। ਮੈਂ ਜੋ ਤੁਹਾਡਾ ਬਾਪ ਹੈ, ਮੈਂ ਬਿੰਦੀ ਹਾਂ। ਤੁਹਾਡਾ ਵੀ ਬਿੰਦੀ ਰੂਪ ਹੈ। ਪਰ ਪੂਜਾ ਆਦਿ ਦੇ ਲਈ ਸ਼ਿਵਲਿੰਗ ਬਣਾਉਂਦੇ ਹੈ। ਆਤਮਾਵਾਂ ਦਾ ਰੂਪ ਵੀ ਸਾਲੀਗ੍ਰਾਮ ਬਣਾਉਂਦੇ ਹਨ। ਪਰ ਇਵੇਂ ਹੈ ਨਹੀਂ। ਆਤਮਾ ਇੰਨੀ ਵੱਡੀ ਹੋ ਨਹੀਂ ਸਕਦੀ। ਆਤਮਾ ਦੇਖਣ ਵਿੱਚ ਵੀ ਬੜਾ ਮੁਸ਼ਕਿਲ ਆਉਂਦੀ ਹੈ। ਇਹ ਸਮਝਣ ਦੀਆਂ ਬੜੀਆਂ ਗੁਹੇ ਗੱਲਾਂ ਹਨ। ਆਤਮਾ ਵੀ ਬਿੰਦੀ ਰੂਪ ਹੈ। ਇਸ ਛੋਟੀ ਜਿਹੀ ਆਤਮਾ ਵਿੱਚ 84 ਜਨਮਾਂ ਦਾ ਪਾਰ੍ਹ ਹੈ। ਇੱਕ ਸੈਕਿੰਡ ਨਾ ਮਿਲੇ ਦੂਸਰੇ ਨਾਲ। 84 ਜਨਮਾਂ ਦਾ ਪਾਰ੍ਹ ਸਾਰਾ ਇੱਕ ਛੋਟੀ-ਜਿਹੀ ਆਤਮਾ ਵਿੱਚ ਨੂੰਧਿਆ ਹੋਇਆ ਹੈ। ਇਹ ਬੜੀ ਕੁਦਰਤ ਦੀ ਗੱਲ ਹੈ। ਸਾਰਾ ਪਾਰ੍ਹ ਬਿੰਦੀ ਵਿੱਚ ਰਹਿੰਦਾ ਹੈ। ਉਸ ਨਾਟਕ ਵਿੱਚ ਵੀ ਪਾਰ੍ਹ ਵਜਾਉਣ ਵਾਲਿਆਂ ਦੀ ਬੁੱਧੀ ਵਿੱਚ ਸਾਰਾ ਪਾਰ੍ਹ ਰਹਿੰਦਾ ਹੈ ਨਾ। ਉਹ ਹੈ ਛੋਟਾ ਪਾਰ੍ਹ, ਇਹ 84 ਜਨਮਾਂ ਦਾ ਪਾਰ੍ਹ ਵੀ ਚੰਗੀ ਤਰ੍ਹਾਂ ਸਮਝਣਾ ਹੈ ਅਤੇ ਫਿਰ ਸਮਝਾਉਣ ਦੀ ਵੀ ਬੜੀ ਯੁਕਤੀ ਚਾਹੀਦੀ ਹੈ। ਇੰਨੀ ਛੋਟੀ ਬਿੰਦੀ ਹੈ, ਕਿੰਨੀ ਸ਼ਕਤੀਵਾਨ ਹੈ। ਉਹਨਾਂ ਨੂੰ ਪਰਮਪਿਤਾ ਪਰਮਾਤਮਾ ਕਿਹਾ ਜਾਂਦਾ ਹੈ। ਤੁਸੀਂ ਆਤਮਾਵਾਂ ਉਹਨਾਂ ਨਾਲ ਯੋਗ ਲਗਾਉਣ ਨਾਲ ਮਾਸਟਰ ਸਰਵਸ਼ਕਤੀਵਾਨ ਬਣਦੇ ਹੋ। ਮਾਇਆ ਤੇ ਜਿੱਤ ਪਾਕੇ ਅਟਲ, ਅਖੰਡ, ਸੁਖ - ਸ਼ਾਂਤੀਮਯ ਰਾਜ ਕਰਦੇ ਹੋ। ਕਿੰਨੀਆਂ ਸਮਝਣ ਦੀਆਂ ਗੱਲਾਂ ਹਨ।

ਇਹ ਪੜ੍ਹਾਈ ਹੈ। ਹੈ ਵੀ ਬਹੁਤ ਸਹਿਜ। ਇਹ ਬਾਪ ਹੀ ਸਮਝਾ ਸਕਦੇ ਹਨ, ਕੋਈ ਮਨੁੱਖ ਨਹੀਂ ਸਮਝਾ ਸਕਦੇ ਹਨ। ਬਰੋਬਰ ਇੰਨੀ ਛੋਟੀ ਜਿਹੀ ਚੀਜ਼ ਤੇ ਨਾਮ ਕਿੰਨਾ ਵੱਡਾ ਰੱਖਦੇ ਹਨ - ਗਿਆਨ ਦਾ ਸਾਗਰ। ਤੁਸੀਂ ਕਹਿੰਦੇ ਹੋ ਮਨੁੱਖ ਸ੍ਰਿਸ਼ਟੀ ਦਾ ਬੀਜ਼ਰੂਪ, ਚੇਤੰਨ ਹੈ, ਸਤ ਹੈ, ਅਵਿਨਾਸ਼ੀ ਹੈ। ਕਹਿੰਦੇ ਆਉਂਦੇ ਹਨ ਪਰ ਕਿਸੇਦੀ ਬੁੱਧੀ ਵਿੱਚ ਆਉਂਦਾ ਹੈ - ਇਹ ਕੀ ਵਸਤੂ ਹੈ? ਗੁਣ ਤਾਂ ਬਹੁਤ ਅਥਾਹ ਗਾਉਂਦੇ ਹਨ। ਹੁਣ ਤੁਸੀਂ ਬੱਚੇ ਬਾਪ ਦੇ ਸਮੁੱਖ ਬੈਠੇ ਹੋ। ਜਾਣ ਗਏ ਹੋ। ਆਤਮਾਵਾਂ ਤਾਂ ਸਮੁਖ ਹੀ ਹਨ। ਸਭ ਆਤਮਾਵਾਂ ਬ੍ਰਦਰ੍ਸ ਹੀ ਹਨ। ਕਿੰਨੀ ਛੋਟੀ- ਛੋਟੀ ਬਿੰਦੀ ਹੈ, ਵਿਚਾਰ ਕਰੋ। ਮੂਲਵਤਨ ਦਾ ਅਸੀਂ ਜੋ ਚਿੱਤਰ ਬਣਾਉਂਦੇ ਹਾਂ ਉਸ ਵਿੱਚ ਬਿੰਦੂ ਰੂਪ ਹੀ ਦਿਖਾਉਂਦੇ ਹਨ। ਜਿਵੇਂ ਸ੍ਟਾਰਸ ਆਕਾਸ਼ ਤੱਤਵ ਦੇ ਉਪਰ ਖੜੇ ਹਨ, ਉਵੇਂ ਹੀ ਮਹਾਤੱਤਵ ਵਿੱਚ ਅਸੀਂ ਇਵੇਂ ਸਟਾਰ ਮਾਫ਼ਿਕ ਆਪਣੇ - ਆਪਣੇ ਸੈਕਸ਼ਨ ਵਿੱਚ ਖੜੇ ਹੋਵਾਂਗੇ। ਝਾੜ ਛੋਟੇ - ਛੋਟੇ ਸ੍ਟਾਰਸ ਦਾ ਬਣਿਆ ਹੋਇਆ ਹੈ। ਉਥੋਂ ਤੋਂ ਫਿਰ ਆਤਮਾ ਆਉਦੀ ਹੈ, ਸ਼ਰੀਰ ਧਾਰਨ ਕਰਦੀ ਹੈ - ਪਾਰ੍ਟ ਵਜਾਉਣ ਦੇ ਲਈਵ। ਕਿਵੇਂ ਦੇ ਵੀ ਨੰਬਰਵਾਰ ਆਤਮਾਵਾਂ ਆਉਦੀਆਂ ਹਨ - ਇਹ ਸਾਰੀ ਬੁੱਧੀ ਚਲਣੀ ਚਾਹੀਦੀ ਹੈ। ਹਰ ਇੱਕ ਧਰਮ ਦਾ ਸੈਕਸ਼ਨ ਵੱਖ ਹੋਵੇਗਾ। ਬਾਪ ਦ੍ਰਿਸ਼ਟਾਂਤ ਦੇ ਸਮਝਾਉਂਦੇ ਹਨ। ਬਨੇਂਨ ਟ੍ਰੀ ਦਾ ਮਿਸਾਲ ਸਮਝਦੇ ਹਨ। ਹਿੰਦੀ ਬਹੁਤ ਜਗ੍ਹਾ ਚੱਲਦੀ ਹੈ, ਤਾਂ ਬੱਚਿਆਂ ਨੂੰ ਹਿੰਦੀ ਭਾਸ਼ਾ ਵਿੱਚ ਸਮਝਾਉਣਾ ਪਵੇਗਾ। ਪਰਮਪਿਤਾ ਪਰਮਾਤਮਾ ਵੀ ਹਿੰਦੀ ਭਾਸ਼ਾ ਵਿੱਚ ਹੀ ਸਮਝਾਉਂਦੇ ਹਨ। ਅੱਜਕਲ ਜਿੱਥੇ - ਕਿਤੇ ਇਸਦਾ ਪ੍ਰਚਾਰ ਕਰਦੇ ਰਹਿੰਦੇ ਹਨ। ਇੱਕ ਭਾਸ਼ਾ ਤਾਂ ਹੋਣਾ ਮੁਸ਼ਕਿਲ ਹੈ। ਕਈ ਸਮਝਦੇ ਹਨ ਪਰਮਪਿਤਾ ਪਰਮਾਤਮਾ ਤਾਂ ਸਭ ਭਾਸ਼ਾਵਾਂ ਜਾਣਦੇ ਹੋਣਗੇ। ਪਰ ਇਵੇਂ ਤਾਂ ਹੋ ਨਾ ਸਕੇ। ਅਥਾਹ, ਅਨੇਕਾਂਨੇਕ ਭਾਸ਼ਾਵਾਂ ਹਨ। ਉਹ ਤਾਂ ਸਿੱਖਣੀ ਪੈਂਦੀ ਹੈ। ਪਰਮਪਿਤਾ ਪਰਮਾਤਮਾ ਨੂੰ ਤਾਂ ਕੁਝ ਸਿੱਖਣਾ ਨਹੀਂ ਹੈ। ਉਹਨਾਂ ਨੇ ਕਲਪ ਪਹਿਲੇ ਜਿਸ ਭਾਸ਼ਾ ਵਿੱਚ ਸਮਝਾਇਆ ਹੈ, ਉਸ ਵਿੱਚ ਹੀ ਸਮਝਾਉਂਦੇ ਹਨ। ਬਾਕੀ ਭਾਸ਼ਾਵਾਂ ਤਾਂ ਹਰੇਕ ਨੂੰ ਪੜ੍ਹਣੀ ਹੁੰਦੀ ਹੈ। ਬਾਪ ਨੂੰ ਪੜ੍ਹਣੀ ਹੁੰਦੀ ਹੈ ਕੀ? ਤੁਸੀਂ ਦੇਖਦੇ ਹੋ ਸ਼ੁਰੂ ਵਿੱਚ ਹਿੰਦੀ ਚੱਲੀ ਹੈ। ਸਭ ਹਿੰਦੀ ਸਿੱਖਦੇ ਜਾਂਦੇ ਹਨ। ਭਾਰਤ ਵਿੱਚ ਹਿੰਦੀ ਦਾ ਪ੍ਰਚਾਰ ਹੈ। ਬਾਪ ਵੀ ਹਿੰਦੀ ਵਿੱਚ ਸਮਝਾਉਂਦੇ ਹਨ ਫਿਰ ਹਰ ਇੱਕ ਨੂੰ ਆਪਣੀ ਭਾਸ਼ਾ ਵਿੱਚ ਟ੍ਰਾਂਸਲੇਸ਼ਨ ਕਰ ਹੋਰਾਂ ਨੂੰ ਸਮਝਾਉਣਾ ਪਵੇ। ਬਾਪ ਅਤੇ ਬਾਪ ਦੀ ਰਚਨਾ ਦਾ ਪਰਿਚੇ ਸਭਨੂੰ ਸਮਝਾਉਣਾ ਹੈ। ਸਭ ਦਾ ਸਦਗਤੀ ਦਾਤਾ ਉਹ ਇੱਕ ਬਾਪ ਹੈ। ਇਹ ਸਭ ਜਾਨਣਗੇ ਬੋਰਬਰ ਬਾਪ ਆਇਆ ਹੋਇਆ ਹੈ। ਬਾਪ ਕਹਿੰਦੇ ਹਨ ਮੈਂ ਭਾਰਤ ਵਿੱਚ ਹੀ ਆਉਂਦਾ ਹਾਂ। ਭਾਰਤ ਸਾਡਾ ਬਰਥ ਪਲੇਸ ਹੈ। ਸ਼ਿਵ ਦੇ ਮੰਦਿਰ ਦੇਵੀ - ਦੇਵਤਾਵਾਂ ਦੇ ਮੰਦਿਰ ਵੀ ਇੱਥੇ ਹਨ। ਦੇਵੀ - ਦੇਵਤਾਵਾਂ ਦਾ ਰਾਜ ਵੀ ਭਾਰਤ ਵਿੱਚ ਹੀ ਹੁੰਦਾ ਹੈ। ਬਾਪ ਵੀ ਭਾਰਤ ਵਿੱਚ ਆਉਂਦੇ ਹਨ। ਦੇਵੀ - ਦੇਵਤਾ ਧਰਮ ਦੀ ਸਥਾਪਨਾ ਇੱਥੇ ਦੀ ਹੀ ਹੈ। ਤਾਂ ਮੰਦਿਰ ਵੀ ਜਰੂਰ ਇੱਥੇ ਚਾਹੀਦੇ ਹਨ। ਹੋਰਾਂ ਦੇ ਇੰਨੇ ਮੰਦਿਰ ਨਹੀਂ ਹੋਣਗੇ। ਇੱਥੇ ਤਾਂ ਬਹੁਤ ਮੰਦਿਰ ਹਨ। ਘਰ - ਘਰ ਵਿੱਚ ਲਕਸ਼ਮੀ - ਨਾਰਾਇਣ ਦੇ ਚਿੱਤਰ, ਰਾਧੇ - ਕ੍ਰਿਸ਼ਨ ਦੇ ਚਿੱਤਰ, ਰਾਮ - ਸੀਤਾ ਦੇ ਚਿੱਤਰ ਰੱਖਦੇ ਹਨ ਕਿਉਂਕਿ ਭਾਰਤ ਵਿੱਚ ਹੋਕੇ ਗਏ ਹਨ। ਪਰ ਉਹਨਾਂ ਨੇ ਕਿਵੇਂ ਰਾਜ ਲਿਆ - ਉਹ ਭੁੱਲ ਗਏ ਹਨ। ਚੇਤੰਨ ਵਿੱਚ ਕਰਕੇ ਗਏ ਹਨ। ਲਕਸ਼ਮੀ - ਨਾਰਾਇਣ ਬੈਕੁੰਠ ਦੇ ਮਹਾਰਾਜਾ - ਮਹਾਰਾਣੀ ਹਨ। ਉਹਨਾਂ ਨੂੰ ਰਾਜ ਕੀਤੇ ਕਿੰਨਾ ਸਮਾਂ ਹੋਇਆ ਹੈ? ਇਹ ਵੀ ਜਾਣਦੇ ਹਨ। ਮੂੰਹ ਤੋਂ ਕਹਿੰਦੇ ਵੀ ਹਨ ਕ੍ਰਾਇਸਟ ਦੇ 3 ਹਜ਼ਾਰ ਵਰ੍ਹੇ ਪਹਿਲੇ ਦੇਵੀ - ਦੇਵਤਾਵਾਂ ਦਾ ਰਾਜ ਸੀ। ਤਾਂ ਕ੍ਰਾਇਸਟ ਨੂੰ 2 ਹਜ਼ਾਰ ਵਰ੍ਹੇ ਹੋਏ ਨਾ। ਤਾਂ ਜੋ ਇਵੇਂ ਕਹਿੰਦੇ ਹਨ ਉਹਨਾਂ ਨੂੰ ਉਸੀ ਗੱਲ ਤੇ ਸਮਝਾਉਣਾ ਚਾਹੀਦਾ ਹੈ। ਕਹਿੰਦੇ ਹਨ ਕ੍ਰਾਇਸਟ ਤੋਂ 3 ਹਜ਼ਾਰ ਵਰ੍ਹੇ ਪਹਿਲੇ ਦੇਵੀ - ਦੇਵਤਾਵਾਂ ਦਾ ਰਾਜ ਸੀ ਮਤਲਬ ਸਵਰਗ ਸੀ। ਇਵੇਂ ਨਹੀਂ ਕਿ ਕ੍ਰਾਇਸਟ ਵੀ ਉਸ ਸਵਰਗ ਵਿੱਚ ਸਨ। ਪੁੱਛਣਗੇ ਕ੍ਰਿਸ਼ਚਨ ਲੋਕ ਉਦੋਂ ਕਿੱਥੇ ਸੀ? ਯਾਨੀ ਉਹਨਾਂ ਦੀ ਆਤਮਾਵਾਂ ਕਿੱਥੇ ਸੀ? ਇਸਲਾਮੀ, ਬੋਧੀ, ਕ੍ਰਿਸ਼ਚਨ ਆਦਿ ਦੀਆਂ ਆਤਮਾਵਾਂ ਸਭ ਕਿੱਥੇ ਸਨ? ਇਹ ਸਮਝਾਉਣਾ ਤਾਂ ਬੜਾ ਸਹਿਜ ਹੈ। ਉਹ ਸਭ ਨਿਰਵਾਣਧਾਮ ਮਤਲਬ ਨਿਰਾਕਾਰੀ ਦੁਨੀਆਂ ਵਿੱਚ ਸਨ। ਨਿਰਾਕਾਰੀ ਦੁਨੀਆਂ ਵੀ ਹੈ, ਦੁਨੀਆਂ ਵਿੱਚ ਜਰੂਰ ਬਹੁਤ ਰਹਿਣ ਵਾਲੇ ਹੁੰਦੇ ਹਨ, ਸਭ ਆਤਮਾਵਾਂ ਦਾ ਨਿਵਾਸ ਸਥਾਨ ਮਹਾਤੱਤਵਰੂਪੀ ਨਿਰਾਕਾਰੀ ਦੁਨੀਆਂ ਵਿੱਚ ਹੈ। ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਹੁਣ ਇਹ ਹੈ ਕਿ ਇਸ ਸਮੇਂ ਸਭ ਦੇਵੀ - ਦੇਵਤਾਵਾਂ ਦੀ ਆਤਮਾਵਾਂ ਹਾਜ਼ਿਰ ਹਨ, ਤਾਂ ਹੀ ਬਾਪ ਆਏ ਹਨ, ਫਿਰ ਤੋਂ ਦੇਵੀ - ਦੇਵਤਾ ਧਰਮ ਦੀ ਸਥਾਪਨਾ ਕਰਦੇ ਹਨ। ਸਮਝੋ, ਕੋਈ ਧਰਮ ਆਉਂਦਾ ਹੈ ਪਹਿਲੇ ਤਾਂ ਬਹੁਤ ਛੋਟਾ ਹੁੰਦਾ ਹੈ। ਛੋਟੀ - ਛੋਟੀ ਸ਼ਾਖਾਵਾਂ ਨਿਕਲ ਜਦ ਪੂਰੀ ਹੁੰਦੀ ਹੈ ਉਦੋਂ ਤੋਂ ਤੁਹਾਡਾ ਫਾਉਂਡੇਸ਼ਨ ਵੀ ਪੂਰਾ ਹੁੰਦਾ ਹੈ।

ਬੀਜ਼ ਅਤੇ ਝਾੜ ਦਾ ਰਾਜ਼ ਸਮਝਾਉਣਾ ਤਾਂ ਬਹੁਤ ਸਹਿਜ ਹੈ। ਮਨੁੱਖ ਸ੍ਰਿਸ਼ਟੀ ਦਾ ਝਾੜ ਬਹੁਤ ਧਰਮਾਂ ਦਾ ਹੈ। ਸਮਝਦੇ ਵੀ ਹਨ ਫਲਾਣਾ ਧਰਮ ਸੀ ਤਾਂ ਫਲਾਣਾ ਧਰਮ ਨਹੀਂ ਸੀ। ਹੁਣ ਛੋਟੇ -ਛੋਟੇ ਧਰਮ ਨਿਕਲਦੇ ਹਨ। ਅੱਗੇ ਤਾਂ ਨਹੀਂ ਸੀ ਨਾ। ਛੋਟੀਆਂ - ਛੋਟੀਆਂ ਸ਼ਾਖਾਵਾਂ ਹੁਣ ਨਿਕਲੀਆਂ ਹਨ। ਇਹ ਤੁਸੀਂ ਬੱਚੇ ਜਾਣਦੇ ਹੋ ਹੋਰ ਕੋਈ ਨਹੀਂ ਜਾਣਦੇ। ਆਤਮਾ ਅਤੇ ਪਰਮਾਤਮਾ ਦਾ ਬਿੰਦੀ ਰੂਪ ਨਹੀਂ ਜਾਣਦੇ ਹਨ। ਹੁਣ ਬਾਬਾ ਨੇ ਤੁਸੀਂ ਬੱਚਿਆਂ ਨੂੰ ਆਕੇ ਸਮਝਾਇਆ ਹੈ। ਤੁਸੀਂ ਕਹਿੰਦੇ ਹੋ ਬਾਬਾ ਅਸੀਂ ਤੁਹਾਡੇ ਬੱਚੇ ਹਾਂ। ਕਲਪ ਪਹਿਲੇ ਵੀ ਤੁਹਾਡੇ ਨਾਲ ਮਿਲੇ ਸੀ। ਤੁਹਾਡੇ ਬੱਚੇ ਬਣੇ ਸੀ। ਬੱਚੇ ਬਣਦੇ ਹਨ, ਬਾਪ ਦਾ ਵਰਸਾ ਲੈਣ। ਬਾਪ ਕਹਿੰਦੇ ਹਨ ਤੁਸੀਂ ਸਾਡੇ ਹੋ, ਗੋਇਆ ਅਡੋਪਟ ਕੀਤਾ, ਮੁਖ ਵੰਸ਼ਾਵਲੀ ਬਣੇ। ਤੁਸੀਂ ਸਭ ਅਡੋਪਟਿਡ ਹੋ। ਬਾਬਾ ਵੀ ਬ੍ਰਹਮਾ ਮੁਖ ਨਾਲ ਕਹਿੰਦੇ ਹਨ - ਤੁਸੀਂ ਆਤਮਾਵਾਂ ਸਾਡੀਆਂ ਹੋ। ਤੁਸੀਂ ਆਤਮਾਵਾਂ ਵੀ ਕਹਿੰਦਿਆਂ ਹੋ ਬਾਬਾ ਤੁਸੀਂ ਜੋ ਬ੍ਰਹਮਾ ਤਨ ਵਿੱਚ ਆਕੇ ਪਰਿਚੇ ਦਿੱਤਾ ਹੈ, ਅਸੀਂ ਤੁਹਾਡੇ ਹਾਂ। ਬਾਬਾ ਕਹਿਣ ਨਾਲ ਹੀ ਵਰਸੇ ਦੀ ਖੁਸ਼ਬੂ ਆਉਣੀ ਚਾਹੀਦੀ ਹੈ। ਬੱਚੇ ਹੀ ਕਹਿ ਸਕਦੇ। ਇਹ ਹੈ ਪ੍ਰਵ੍ਰਿਤੀ ਮਾਰਗ। ਸੰਨਿਆਸੀਆਂ ਦੇ ਚੇਲੇ ਬਣਦੇ ਹਨ, ਉਹ ਬਾਪ - ਬੱਚੇ ਨਹੀਂ ਬਣਦੇ। ਵਰਸਾ ਬਾਪ ਤੋਂ ਜਇਦਾਦ ਦਾ ਮਿਲਦਾ ਹੈ। ਉਹ ਤਾਂ ਕਹਿਣਗੇ ਅਸੀਂ ਗੁਰੂ ਕੀਤਾ ਹੈ। ਗੁਰੂ ਤੋਂ ਤਾਂ ਜਾਇਦਾਦਾ ਦਾ ਵਰਸਾ ਨਹੀਂ ਮਿਲਦਾ। ਉਹ ਤਾਂ ਜਾਇਦਾਦ ਦਾ ਮਿਲਦਾ ਹੈ। ਉਹ ਤਾਂ ਕਹਿਣਗੇ ਅਸੀਂ ਗੁਰੂ ਕੀਤਾ ਹੈ। ਗੁਰੂ ਤੋਂ ਤਾਂ ਜਾਇਦਾਦ ਦਾ ਵਰਸਾ ਨਹੀਂ ਮਿਲਦਾ। ਉਹ ਤਾਂ ਜਾਇਦਾਦ ਨੂੰ ਛੱਡ ਜੰਗਲ ਵਿੱਚ ਚਲੇ ਜਾਂਦਾ ਹਨ। ਉਹ ਜਾਇਦਾਦ ਦੇ ਨਾ ਸਕਣ। ਉਹ ਹਨ ਪ੍ਰਵ੍ਰਿਤੀ ਮਾਰਗ ਵਾਲੇ। ਬਾਪ ਤੇ ਜਾਇਦਾਦ ਦਿੰਦੇ ਹਨ, ਉਹਨਾਂ ਤੋਂ ਕੁਝ ਨਹੀਂ ਮਿਲਦਾ। ਜੰਗਲ ਵਿੱਚ ਜਾਣਗੇ ਤਾਂ

ਸੰਨਿਆਸੀ ਕਹਾਉਣਗੇ। ਤੁਸੀਂ ਵੀ ਸੰਨਿਆਸੀ ਕਹਾਉਦੇ ਹੋ। ਉਹ ਹਨ ਹਠਯੋਗੀ ਸੰਨਿਆਸੀ। ਤੁਸੀਂ ਰਾਜਯੋਗੀ ਸੰਨਿਆਸੀ ਹੋ। ਸੰਨਿਆਸੀ ਮਤਲਬ 5 ਵਿਕਾਰਾਂ ਦਾ ਤਿਆਗ ਕਰਨ ਵਾਲੇ। ਸੋ ਤਾਂ ਤੁਸੀਂ ਤਿਆਗ ਕਰਦੇ ਹੋ ਅਤੇ ਫਿਰ ਪਵਿੱਤਰ ਦੁਨੀਆਂ ਵਿੱਚ ਚਲੇ ਜਾਂਦੇ ਹੋ। ਉਹ ਤਿਆਗ ਕਰਦੇ ਹਨ ਪਰ ਪਵਿੱਤਰ ਦੁਨੀਆਂ ਵਿੱਚ ਨਹੀਂ ਜਾਂਦੇ, ਪਤਿਤ ਦੁਨੀਆਂ ਵਿੱਚ ਹੀ ਰਹਿੰਦੇ ਹਨ।

ਤਾਂ ਬਾਪ ਸਮਝਾਉਂਦੇ ਆਤਮਾ ਕਿੰਨੀ ਛੋਟੀ ਹੈ। ਇੰਨੀ ਛੋਟੀ ਵਸਤੂ ਵਿੱਚ ਕਿੰਨੀ ਤਾਕਤ ਹੈ, ਅਵਿਨਾਸ਼ੀ ਵੀ ਹੈ। ਉਹ ਬਾਪ ਇਸ ਸ਼ਰੀਰ ਦਵਾਰਾ ਸਮਝਾਉਂਦੇ ਹਨ, ਤੁਹਾਡੀ ਆਤਮਾ ਸਮਝਦੀ ਹੈ। ਬਾਪ ਕਹਿੰਦੇ ਹਨ ਮੈਂ ਆਉਂਦਾ ਹੀ ਉਦੋਂ ਹਾਂ ਜਦੋਂ ਕਲਿਯੁਗ ਦਾ ਅੰਤ ਹੈ। ਤਮੋਪ੍ਰਧਾਨ ਪਤਿਤ ਹੋ ਜਾਂਦੇ ਹਨ। ਮੈਨੂੰ ਯਾਦ ਵੀ ਉਦੋਂ ਕਰਨਗੇ ਜਦੋਂ ਸੰਗਮ ਹੋਵੇਗਾ ਉਦੋਂ ਹੀ ਅਸੀਂ ਆਵਾਂਗੇ, ਉਦੋਂ ਹੀ ਵਿਨਾਸ਼ ਦੇ ਚਿੰਨ ਵੀ ਦੇਖਣ ਵਿੱਚ ਆਉਣਗੇ। ਸੋ ਤਾਂ ਬਰੋਬਰ ਦੇਖਦੇ ਹੋ। ਹੁਣ ਤੁਹਾਨੂੰ ਸਮਝ ਮਿਲਦੀ ਹੈ, ਉਹ ਫਿਰ ਹੋਰਾਂ ਨੂੰ ਦੇਣੀ ਹੈ। ਹੁਣ ਕਲਿਯੁਗ ਦਾ ਅੰਤ ਜਰੂਰ ਹੈ। ਯਾਦਵ, ਕੌਰਵ, ਪਾਂਡਵ ਵੀ ਹਨ। ਮਹਾਭਾਰਤ ਲੜਾਈ ਵੀ ਹੈ। ਬੇਰਬਰ, ਉਸ ਸਮੇਂ ਰਾਜਯੋਗ ਵੀ ਸਿੱਖਦੇ ਸਨ। ਪਾਂਡਵਾਂ ਨੇ ਵਿਜੇ ਪਾਈ, ਯਾਦਵ - ਕੌਰਵ ਵਿਨਾਸ਼ ਹੋਏ। ਸਵਰਗ ਵਿੱਚ ਤਾਂ ਇੱਕ ਹੀ ਧਰਮ ਹੁੰਦਾ ਹੈ। ਅਨੇਕ ਧਰਮ ਖ਼ਲਾਸ ਹੋ ਜਾਂਦੇ ਹਨ। ਇਹ ਬਾਪ ਬੈਠ ਸਮਝਾਉਂਦੇ ਹਨ। ਬੱਚੇ ਜਾਣਦੇ ਹਨ ਬਾਬਾ ਦੀ ਇਸ ਰਾਜਯੋਗ ਦੀ ਸਿੱਖਿਆ ਨਾਲ ਅਸੀ ਬਰੋਬਰ ਸੋ ਦੇਵੀ - ਦੇਵਤਾ ਪਦਵੀ ਪਾਉਂਦੇ ਹਾਂ। ਤੁਸੀਂ ਪੁਰਸ਼ਾਰਥ ਕਰਦੇ ਹੋ ਅਸੀਂ ਤਾਂ ਨਰ ਤੋਂ ਨਾਰਾਇਣ ਹੀ ਬਣਾਂਗੇ। ਬਾਪ

ਦਾ ਵਾਰਿਸ ਜਰੂਰ ਬਣਾਂਗੇ, ਤਖਤਨਸ਼ੀਨ ਬਣਾਂਗੇ। ਫਿਰ ਜਿੰਨਾਂ ਜੋ ਪੁਰਸ਼ਾਰਥ ਕਰਨਗੇ ਉਤਨਾ ਉੱਚ ਪਦਵੀ ਪਾਉਣਗੇ। ਪੁਰਸ਼ਾਰਥੀ ਛਿਪੇ ਨਹੀਂ ਰਹਿੰਦੇ, ਉਹ ਬਹੁਤ ਮਸਤ ਹੁੰਦੇ ਹਨ। ਪਹਿਲੇ - ਪਹਿਲੇ ਪ੍ਰਤਿਗਿਆ ਕਰਦੇ ਹਨ। ਬਾਪ ਦੇ ਜਨਮ ਦੇ ਬਾਦ ਹੈ ਰਾਖੀ ਬੰਧਨ। ਬਾਪ ਨੂੰ ਜਾਣਦੇ ਤਾਂ ਪਹਿਲੇ ਪ੍ਰਤਿਗਿਆ ਕਰਨੀ ਹੈ। ਬਾਪ ਕਹਿੰਦੇ ਹਨ ਕਾਮ ਮਹਾਸ਼ਤਰੂ ਹੈ। ਦਾਨ ਤੇ ਪੰਜਾਂ ਹੀ ਵਿਕਾਰਾਂ ਦਾ ਕਰਨਾ ਹੈ ਲੇਕਿਨ ਪਹਿਲੇ – ਪਹਿਲੇ ਮੁੱਖ ਕਾਮ ਹੈ, ਇਸ ਤੋਂ ਬਹੁਤ ਖ਼ਬਰਦਾਰ ਰਹਿਣਾ ਹੈ। ਭਾਵੇਂ ਇਸਤਰੀ ਵੀ ਨਾਲ ਹੋਵੇ। ਗ੍ਰਹਿਸਤ ਵਿਵਹਾਰ ਵਿਚ ਰਹਿੰਦੇ ਪਵਿਤ੍ਰ ਰਹਿਣਾ ਬਹੁਤ ਮਿਹਨਤ ਦਾ ਕੰਮ ਹੈ। ਸਰਸ਼ਕਤੀਮਾਨ ਬਾਪ ਨੂੰ ਯਾਦ ਕਰਨ ਅਤੇ ਉਨ੍ਹਾਂ ਦੀ ਸ਼੍ਰੀਮਤ ਤੇ ਚੱਲਣ ਨਾਲ ਤਾਕਤ ਮਿਲਦੀ ਹੈ। ਬਾਪ ਦਾ ਫ਼ਰਮਾਨ ਹੈ - ਨਾਲ ਰਹਿੰਦੇ, ਇੱਕਠੇ ਰਹਿੰਦੇ ਪਵਿਤ੍ਰ ਰਹਿਣਾ ਹੈ। ਪਹਿਲੇ ਤੇ ਇਸਤਰੀ ਪੁਰਸ਼ ਇੱਕਠੇ ਰਹਿਣ ਤੇ ਅੱਗ ਲਗਦੀ ਸੀ। ਬਾਪ ਕਹਿੰਦੇ ਹਨ ਇੱਕਠੇ ਰਹੋ ਪਰ ਅੱਗ ਨਾ ਲੱਗੇ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਦਿਲ ਤੋਂ ਬਾਪ ਨੂੰ ਯਾਦ ਕਰ ਜਾਇਦਾਦ ਦੀ ਖੁਸ਼ੀ ਵਿੱਚ ਰਹਿਣਾ ਹੈ। ਪੂਰਾ ਪਾਵਨ ਜਰੂਰ ਬਣਨਾ ਹੈ।

**2.** ਵਿਚਾਰ ਕਰਨਾ ਹੈ - "ਆਤਮਾ ਕਿੰਨੀ ਛੋਟੀ ਹੈ ਅਤੇ ਉਸ ਵਿੱਚ ਕਿੰਨਾਂ ਅਵਿਨਾਸ਼ੀ ਪਾਰਟ ਨੂੰਧਿਆ ਹੋਇਆ ਹੈ", ਬਿੰਦੂ ਬਣ ਬਿੰਦੂ ਬਾਪ ਦੀ ਯਾਦ ਵਿੱਚ ਰਹਿਣਾ ਹੈ।

ਵਰਦਾਨ:- ਸਵਇੱਛਾ ਅਤੇ ਦ੍ਰਿੜ ਸੰਕਲਪ ਨਾਲ ਇੱਕ ਦੇਕੇ ਪਦਮ ਲੈਣ ਵਾਲੇ ਚਤੁਰਸੁਜਾਨ ਭਵ।

ਚਤੁਰਸੁਜਾਨ ਬੱਚੇ ਮਿੱਟੀ ਨਾਲ ਭਰੇ ਹੋਏ ਸੁੱਕੇ ਚਾਵਲ ਦੇਕੇ ਇੱਕ ਦਾ ਪਦਮਗੁਣਾ ਭਾਗ ਬਣਾ ਲੈਂਦੇ ਹਨ। ਸਿਰਫ ਚਾਵਲ ਦਿੰਦੇ ਅਤੇ ਰਿਟਰਨ ਵਿੱਚ ਸਰਵ ਸ਼ਕਤੀਆਂ, ਸਰਵ ਖਜਾਨੇ, 36 ਕਿਸਮ ਤੋਂ ਵੀ ਜਿਆਦਾ ਵਰ੍ਹੇਇਟੀ ਲੈ ਲੈਂਦੇ। ਪ੍ਰੰਤੂ ਕਈ ਬੱਚੇ ਉਹ ਵੀ ਦੇਣ ਦੇ ਸਮੇਂ ਸੁਦਾਮਾ ਦੀ ਤਰ੍ਹਾਂ ਕੱਛ ( ਬਗਲ ) ਵਿੱਚ ਛੁਪਾ ਕੇ ਰੱਖਦੇ ਹਨ। ਬਾਪ ਖਿੱਚਕੇ ਲੈ ਸਕਦੇ ਹਨ ਲੇਕਿਨ ਖਿੱਚ ਕੇ ਲਿਆ ਤਾਂ ਉਸ ਦਾ ਰਿਟਰਨ ਇਤਨਾ ਨਹੀਂ ਮਿਲੇਗਾ, ਇਸਲਈ ਸਵਇੱਛਾ ਅਤੇ ਦ੍ਰਿੜ ਸੰਕਲਪ ਨਾਲ ਇੱਕ ਦੇਕੇ ਪਦਮ ਲੈਣਾ - ਇਹ ਹੀ ਚਤੁਰਾਈ ਹੈ। ਇਸਦੇ ਵਿੱਚ ਹੀ ਕਲਿਆਣ ਹੈ।

ਸਲੋਗਨ:- ਸਾਖਸ਼ੀ ਬਣ ਨਿਆਰੇ ਹੋਕੇ ਹਰ ਖੇਲ ਨੂੰ ਵੇਖਣ ਵਾਲੇ ਹੀ ਸਾਖਸ਼ੀ ਦ੍ਰਸ਼ਟਾ ਹਨ।

******

ਨੋਟ **:-** ਇਸ ਮਹੀਨੇ ਦੀ ਸਭ ਮੁਰਲੀਆਂ (ਈਸ਼ਵਰੀ ਮਹਾਂਵਾਕ) ਨਿਰਾਕਾਰ ਸ਼ਿਵ ਨੇ ਬ੍ਰਹਮਾ ਮੁਖਕਮਲ ਤੋਂ ਆਪਣੇ ਬ੍ਰਹਮਾਵਤਸਾ ਮਤਲਬ ਬ੍ਰਹਮਾਕੁਮਾਰ ਅਤੇ ਬ੍ਰਹਮਾਕੁਮਾਰੀਆਂ ਦੇ ਸਮੁਖ 18-1-1969 ਤੋਂ ਪਹਿਲੇ ਉਚਾਰਨ ਕੀਤੇ ਸੀ। ਇਹ ਕੇਵਲ ਬ੍ਰਹਮਾਕੁਮਾਰੀਆਂ ਦੀ ਅਧਿਕ੍ਰਿਤ ਟੀਚਰ ਭੈਣਾਂ ਦਵਾਰਾ ਨਿਮਿਤ ਬੀ.ਕੇ. ਵਿਦਿਆਰਥੀਆਂ ਨੂੰ ਸੁਣਾਉਣ ਲਈ ਹਨ।